# ਸੋਮਵਾਰ 23 ਜੁਲਾਈ 2018 ਤੋਂ ਐਤਵਾਰ 29 ਜੁਲਾਈ 2018 ਤੱਕ

- **23.7.18 ਸੋਮਵਾਰ:-** ਪ੍ਰਕਾਸ਼ ਪੁਰਬ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ।

- **25.7.18 ਬੁੱਧਵਾਰ: - 4.30 ਵਜ਼ੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ ਦੇਗਾਂ ਦੀਆਂ ਸੇਵਾਵਾਂ: - ਸ੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਹੀਰਾ ਜਵੈਲਰ, ਨੀਲ ਕਮਲ ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

- **26.7.18 ਵੀਰਵਾਰ:-**
- **6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**27.7.18_ਕਰਵਾਰ:-**

- **10.00 ਵਜ਼ੇ:-** ਸਾਧ ਸੰਗਤ ਵੱਲੋ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।
- **ਦੇਗਾਂ ਦੀਆਂ ਸੇਵਾਵਾਂ: -** ਸ੍ਰ ਸੁਰਜੀਤ ਸਿੰਘ ਸੇਖੋਂ, ਸ੍ਰ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ੍ਰ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ੍ਰ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ੍ਰ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ੍ਰ: ਗੁਰਦੇਵ ਸਿੰਘ ਔਲਖ ਸ੍ਰ: ਤਰਸੇਮ ਸਿੰਘ ਅਤੇ ਚਰਨਜੀਤ ਸਿੰਘ ਬਾਸੀ, ਸ੍ਰ ਛਿੰਦਾ ਸਿੰਘ ਥਾਂਦੀ ਤੇ ਸਵ: ਨਿਰਮਲ ਸਿੰਘ ਪੁਰੇਵਾਲ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**28.7.18 ਸ਼ਨਿਚਰਵਾਰ:** –From Punjabi School Family trip Llandadno, North Wales.

- **4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- **29.7.18 ਐਤਵਾਰ:-**
- **9.00 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦੇ ਸਬੰਧ ਵਿਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 90.00 ਵਜ਼ੇ ਪੈਣਗੇ ਉਪਰੰਤ ਮਾਤਾ ਹਰਬੰਸ ਕੌਰ ਰਾਨਾ ਤੇ ਅਮਨ ਸਿੰਘ ਰਾਨਾ ਅਤੇ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ,) ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।
- **ਦੇਗ ਦੀ ਸੇਵਾ :-** ਬੀਬੀ ਗਿਆਨ ਕੌਰ ਪੁਰੇਵਾਲ ਵੱਲੋਂ ਹੋਵੇਗੀ।
- **Prize day & Party** ( End of term in Shaheed Udham Singh Hall)

**ਸੂਚਨਾ:-**

- 31 ਜੁਲਾਈ ਸ਼ਹੀਦੀ ਦਿਨ ਸ ਉਧਮ ਸਿੰਘ ਜੀ
- 5 ਅਗੱਸਤ ਸ਼ਹੀਦੀ ਭਗਤ ਪੂਰਨ ਸਿੰਘ ਜੀ
- 9 ਅਗੱਸਤ ਸ਼ਹੀਦੀ ਭਾਈ ਸੁਖਦੇਵ ਸਿੰਘ ਬੱਬਰ
- 12.8.18 ਐਤਵਾਰ:- ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ।
- 16 ਅਗੱਸਤ ਸੰਗ੍ਰਾਂਦ ਭਾਦੋਂ ਦੀ
- 19.8.18 ਐਤਵਾਰ:- ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ।
- 26 ਅਗੱਸਤ ਜਨਮ ਦਿਨ ਭਾਈ ਦਿਆ ਸਿੰਘ ਜੀ
- **27 August Summer Bank Holiday**
- 29 ਅਗੱਸਤ ਰੱਖੜੀ
- 30 ਅਗੱਸਤ ਸੰਪੂਰਨਤਾ ਗੁਰੁ ਗ੍ਰੰਥ ਸਾਹਿਬ ਜੀ
- 31 ਅਗੱਸਤ ਸ਼ਹੀਦੀ ਭਾਈ ਦਿਲਾਵਰ ਸਿੰਘ ਜੀ ਬੱਬਰ

**ਸ੍ਰੀ ਹਰਿਕ੍ਰਿਸ਼ਨ ਧਿਆਈਐ...**

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਸ੍ਰੀ ਗੁਰੂ ਹਰਿ ਰਾਇ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਗ੍ਰਹਿ ਕੀਰਤਪੁਰ ਸਾਹਿਬ (ਰੂਪਨਗਰ) ਵਿਖੇ 23 ਜੁਲਾਈ 1656 ਨੂੰ ਹੋਇਆ। ਗੁਰੂ ਹਰਿ ਰਾਇ ਜੀ ਦੇ ਦੋ ਪੁੱਤਰ ਸਨ-ਰਾਮ ਰਾਇ ਅਤੇ ਹਰਿਕ੍ਰਿਸ਼ਨ। ਰਾਮ ਰਾਇ ਵੱਡਾ ਅਤੇ ਰੁੱਖੇ ਸੁਭਾਅ ਵਾਲਾ ਸੀ। ਉਸ ਦੀ ਮੁਗਲ ਹਾਕਮਾਂ ਨਾਲ ਸਾਂਝ ਸੀ। ਹਰਿਕ੍ਰਿਸ਼ਨ ਜੀ ਬੜੇ ਨਿਮਰ ਸੁਭਾਅ ਵਾਲੇ ਸਨ। ਉਂਜ ਦੋਵੇਂ ਸਿੱਖ ਮੱਤ ਦੇ ਪੈਰਵੀ ਸਨ ਅਤੇ ਗੁਰਬਾਣੀ ਦਾ ਸਿਮਰਨ ਕਰਦੇ ਸਨ। ਹਰਿਕ੍ਰਿਸ਼ਨ ਜੀ ਹਾਲੇ 5 ਸਾਲ ਦੇ ਹੀ ਸਨ ਕਿ ਪਿਤਾ ਹਰਿ ਰਾਇ ਉਨ੍ਹਾਂ ਨੂੰ 7 ਅਕਤੂਬਰ 1661 ਨੂੰ ਗੁਰਿਆਈ ਦੇ ਕੇ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ। ਉਹ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੁਗਲ ਬਾਦਸ਼ਾਹ ਅਰੰਗਜ਼ੇਬ ਨਾਲ ਕਦੇ ਵੀ ਨਾ ਮਿਲਣ ਦੀ ਹਦਾਇਤ ਕਰ ਗਏ।
ਰਾਮ ਰਾਇ ਗੁਰੂ ਜੀ ਦਾ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਉਸ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਵੱਲੋਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਕੀਤੀ ਗਈ ਹਦਾਇਤ ਦਾ ਪਤਾ ਸੀ। ਉਸ ਦੀ ਕਿਉਂਕਿ ਮੁਗਲ ਹਾਕਮਾਂ ਨਾਲ ਚੰਗੀ ਬਣਦੀ ਸੀ, ਉਸ ਨੇ ਗੁਰੂ ਹਰਿਕ੍ਰਿਸ਼ਨ ਜੀ ਨਾਲ ਈਰਖਾ ਕੱਢਣ ਲਈ ਇਕ ਚਾਲ ਚੱਲੀ। ਉਸ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ ਕਿ ਉਸ ਨੂੰ ਪਿਤਾ ਦੀ ਜਾਇਦਾਦ ਵਿਚੋਂ ਬਣਦਾ ਹਿੱਸਾ ਨਹੀਂ ਦਿੱਤਾ ਗਿਆ। ਸਾਰੀ ਜਾਇਦਾਦ ਉਸ ਦੇ ਛੋਟੇ ਭਰਾ ਹਰਿਕ੍ਰਿਸ਼ਨ ਨੂੰ ਦੇ ਦਿੱਤੀ ਗਈ ਹੈ। ਇਹ ਉਸ ਦੇ ਨਾਲ ਘੋਰ ਅਨਿਆਂ ਹੈ। ਦਰਅਸਲ ਉਸ ਦੀ ਇਹ ਸ਼ਿਕਾਇਤ ਕਰਨ ਦਾ ਮਕਸਦ ਇਕ ਤੀਰ ਨਾਲ ਦੋ ਨਿਸ਼ਾਨੇ ਕਰਨਾ ਸੀ। ਉਸ ਨੂੰ ਪਤਾ ਸੀ ਕਿ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਕਰੇਗਾ। ਇਸ ਤਰ੍ਹਾਂ ਔਰੰਗਜ਼ੇਬ ਨੂੰ ਨਾ ਮਿਲਣ ਦੀ ਗੁਰੂ ਹਰਿ ਰਾਇ ਜੀ ਵੱਲੋਂ ਕੀਤੀ ਗਈ ਹਦਾਇਤ ਉਲਟ ਹੋ ਜਾਵੇਗੀ। ਸਿੱਖ ਸੰਗਤ ਹਰਿਕ੍ਰਿਸ਼ਨ ਨਾਲ ਨਾਰਾਜ਼ ਹੋ ਜਾਵੇਗੀ ਅਤੇ ਉਸ ਨੂੰ ਗੁਰੂ ਮੰਨਣ ਤੋਂ ਇਨਕਾਰੀ ਹੋ ਜਾਵੇਗੀ। ਇਸ ਤਰ੍ਹਾਂ ਗੁਰਗੱਦੀ ਅਤੇ ਸਾਰੀ ਜਾਇਦਾਦ ਰਾਮ ਰਾਇ ਦੇ ਕਬਜ਼ੇ ਵਿਚ ਆ ਜਾਵੇਗੀ। ਜੇ ਹਰਿਕ੍ਰਿਸ਼ਨ ਔਰੰਗਜ਼ੇਬ ਦੇ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਔਰੰਗਜ਼ੇਬ ਦੀ ਫੌਜ ਉਸ ਉੱਤੇ ਹਮਲਾ ਕਰਕੇ ਉਸ ਨੂੰ ਗ੍ਰਿਫਤਾਰ ਕਰਕੇ ਲੈ ਜਾਵੇਗੀ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਨੂੰ ਪੇਸ਼ ਹੋਣ ਦਾ ਹੁਕਮ ਜਾਰੀ ਕਰਕੇ ਆਪਣੇ ਮੁੱਖ ਸਲਾਹਕਾਰ ਰਾਜਾ ਜੈ ਸਿੰਘ ਨੂੰ ਗੁਰੂ ਜੀ ਨੂੰ ਦਿੱਲੀ ਲਿਆਉਣ ਲਈ ਭੇਜਿਆ।
ਦਿੱਲੀ ਪਹੁੰਚ ਕੇ ਗੁਰੂ ਜੀ ਅਤੇ ਨਾਲ ਆਈ ਸੰਗਤ ਨੇ ਰਾਜਾ ਜੈ ਸਿੰਘ ਦੇ ਮਹਿਲ ਵਿਚ ਨਿਵਾਸ ਕੀਤਾ। ਇਹ ਮਹਿਲ ਕਾਫੀ ਲੰਬਾ-ਚੌੜਾ ਸੀ। ਇੱਥੇ ਰੋਜ਼ਾਨਾ ਭਾਰੀ ਗਿਣਤੀ ਵਿਚ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ। ਬਾਦਸ਼ਾਹ ਔਰੰਗਜ਼ੇਬ ਨੂੰ ਵੀ ਸ਼ੱਕ ਹੋਇਆ ਕਿ ਏਨੀ ਛੋਟੀ ਉਮਰ ਦਾ ਬਾਲਕ ਗੁਰੂ ਵਰਗੀ ਪਦਵੀ ਦਾ ਮਾਲਕ ਕਿਵੇਂ ਹੋ ਸਕਦਾ ਹੈ? ਉਸ ਨੇ ਰਾਜਾ ਜੈ ਸਿੰਘ ਨੂੰ ਗੁਰੂ ਜੀ ਦੀ ਪਰਖ ਕਰਨ ਲਈ ਕਿਹਾ। ਵਿਉਂਤ ਬਣਾਈ ਗਈ ਕਿ ਰਾਣੀ ਨੂੰ ਗੋਲੀਆਂ ਵਾਲੇ ਕੱਪੜੇ ਪਵਾ ਕੇ ਗੋਲੀਆਂ ਵਿਚ ਬਿਠਾਇਆ ਜਾਵੇ। ਜੇ ਤਾਂ ਇਹ ਸਹੀ ਗੁਰੂ ਹੋਵੇਗਾ ਤਾਂ ਰਾਣੀ ਨੂੰ ਪਛਾਣ ਲਵੇਗਾ। ਵਿਉਂਤ ਅਨੁਸਾਰ ਗੁਰੂ ਜੀ ਨੂੰ ਕਿਹਾ ਗਿਆ ਕਿ ਮਹਿਲ ਦੀਆਂ ਔਰਤਾਂ (ਰਾਣੀ ਤੇ ਗੋਲੀਆਂ) ਆਪ ਜੀ ਦੇ ਦਰਸ਼ਨ ਕਰਨੇ ਚਾਹੁੰਦੀਆਂ ਹਨ। ਔਰਤਾਂ ਦੇ ਨਿਵਾਸ ਅਸਥਾਨ ਉੱਤੇ ਸਾਰੀਆਂ ਗੋਲੀਆਂ ਨੂੰ ਬਿਠਾਇਆ ਗਿਆ। ਰਾਣੀ ਵੀ ਗੋਲੀਆਂ ਵਾਲੇ ਕੱਪੜੇ ਪਾ ਕੇ ਗੋਲੀਆਂ ਦੇ ਪਿੱਛੇ ਬੈਠ ਗਈ। ਗੁਰੂ ਜੀ ਨੂੰ ਉਥੇ ਲਿਆਂਦਾ ਗਿਆ। ਗੁਰੂ ਜੀ ਨੇ ਸਭਨਾਂ ਵੱਲ ਧਿਆਨ ਮਾਰਿਆ। ਗੋਲੀ ਦੇ ਲਿਬਾਸ ਵਿਚ ਜੋ ਔਰਤ ਪਿੱਛੇ ਬੈਠੀ ਸੀ, ਗੁਰੂ ਜੀ ਉਸ ਵੱਲ ਗਏ ਅਤੇ ਜਾ ਕੇ ਉਸ ਦੀ ਗੋਦੀ ਵਿਚ ਬੈਠ ਗਏ। ਇਸ ਤਰ੍ਹਾਂ ਸਾਰਿਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਸਲ ਗੁਰੂ ਇਹੀ ਹਨ।

**ਦਿੱਲੀ ਵਿਚ ਚੇਚਕ ਦੀ ਬਿਮਾਰੀ**

ਇਨ੍ਹੀਂ ਦਿਨੀਂ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਗੁਰੂ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਰੋਗੀਆਂ ਦੀ ਸੇਵਾ ਵਿਚ ਲੱਗੇ ਹੋਣ ਕਰਕੇ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਅੱਗੋਂ ਹੋਰ ਕੁਝ ਨਾ ਕਿਹਾ। ਗੁਰੂ ਜੀ ਨੇ ਰੋਗੀਆਂ ਦੀ ਸੇਵਾ ਕਰਦਿਆਂ ਨਾ ਆਪਣਾ ਆਰਾਮ, ਨਾ ਦਿਨ, ਨਾ ਰਾਤ ਦੇਖਿਆ। ਇਸ ਤਰ੍ਹਾਂ ਸੇਵਾ ਕਰਦਿਆਂ ਗੁਰੂ ਜੀ ਖੁਦ ਚੇਚਕ ਦਾ ਸ਼ਿਕਾਰ ਹੋ ਗਏ। ਸੇਵਕ ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਮਹਿਲ ਤੋਂ ਦਰਿਆ ਯਮੁਨਾ ਦੇ ਕਿਨਾਰੇ ਲੈ ਗਏ। ਗੁਰੂ ਜੀ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ। ਬਿਮਾਰੀ ਨਾਲ ਗੁਰੂ ਜੀ ਬਹੁਤ ਨਿਢਾਲ ਹੋ ਗਏ। ਏਨੇ ਕਮਜ਼ੋਰ ਹੋ ਗਏ ਕਿ ਬੋਲਣਾ ਵੀ ਮੁਸ਼ਕਿਲ ਹੋ ਗਿਆ। ਗੁਰੂ ਜੀ ਨੇ ਸੇਵਕਾਂ ਨੂੰ ਇਸ਼ਾਰੇ ਨਾਲ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸਮਾਂ ਨਜ਼ਦੀਕ ਆ ਗਿਆ ਹੈ। ਸੇਵਕਾਂ ਨੂੰ ਡਰ ਪੈ ਗਿਆ ਕਿ ਧੀਰ ਮੱਲ ਅਤੇ ਰਾਮ ਰਾਇ ਵਰਗੇ ਅੱਗੋਂ ਗੁਰਗੱਦੀ ਉੱਤੇ ਕਾਬਜ਼ ਨਾ ਹੋ ਜਾਣ। ਉਨ੍ਹਾਂ ਨੇ ਗੁਰੂ ਜੀ ਤੋਂ ਗੁਰਗੱਦੀ ਦੇ ਅਗਲੇ ਵਾਰਿਸ ਬਾਰੇ ਪੁੱਛਿਆ। ਗੁਰੂ ਜੀ ਕੁਝ ਸਾਫ ਨਾ ਬੋਲ ਸਕੇ। ਉਨ੍ਹਾਂ ਦੇ ਮੁੱਖੋਂ ਸਿਰਫ ਏਨਾ ਹੀ ਨਿਕਲਿਆ-'ਬਾਬਾ ਬਕਾਲੇ'। ਗੁਰੂ ਜੀ ਦਿੱਲੀ ਵਿਚ 16 ਅਪ੍ਰੈਲ, 1664 ਨੂੰ ਜੋਤੀ ਜੋਤ ਸਮਾ ਗਏ। ਜਿਥੇ ਗੁਰੂ ਜੀ ਜੋਤੀ ਜੋਤ ਸਮਾਏ, ਉਸ ਅਸਥਾਨ ਉੱਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਸੁਸ਼ੋਭਿਤ ਹੈ।

ਫੋਨ : (+64) 0220710935

ਭਾਈ ਸੰਤੋਖ ਸਿੰਘ ਸਿੱਧੂ